## ਲਿੰਗ ਅਤੇ ਵਚਨ ਬਦਲ ਕੇ ਵਾਕ ਦੁਬਾਰਾ ਲਿਖੋ

1. ਮਾਲੀ ਬੂਟੇ ਨੂੰ ਪਾਣੀ ਦੇ ਰਿਹਾ ਹੈ।
ਵਚਨ- ਮਾਲੀ ਬੂਟਿਆਂ ਨੂੰ ਪਾਣੀ ਦੇ ਰਹੇ ਹਨ।
ਲਿੰਗ-ਮਾਲਣ ਬੂਟੀ ਨੂੰ ਪਾਣੀ ਦੇ ਰਹੀ ਹੈ।

2. ਏਕਮ ਵਰਗੇ ਚੰਗੇ ਬੱਚੇ ਲਗਨ ਨਾਲ ਪੜ੍ਹਦੇ ਹਨ।
ਵਚਨ- ਏਕਮ ਵਰਗਾ ਚੰਗਾ ਬੱਚਾ ਲਗਨ ਨਾਲ ਪੜ੍ਹਦਾ ਹੈ।
ਲਿੰਗ-ਏਕਮ ਵਰਗੀਆਂ ਚੰਗੀਆਂ ਬੱਚੀਆਂ ਲਗਨ ਨਾਲ ਪੜ੍ਹਦੀਆਂ ਹਨ।

3.ਭੰਗੜੇ ਵਿੱਚ ਨੱਚਦੇ ਗੱਭਰੂ ਨੂੰ ਵੇਖ ਕੇ ਬੁੱਢੇ ਤੇ ਮੁੰਡੇ ਵੀ ਨੱਚਣ ਲੱਗ ਪਏ।
ਵਚਨ-ਭੰਗੜੇ ਵਿੱਚ ਨੱਚਦੇ ਗੱਭਰੂਆਂ ਨੂੰ ਵੇਖ ਕੇ ਬੁੱਢਾ ਤੇ ਮੁੰਡਾ ਵੀ ਨੱਚਣ ਲੱਗ ਪਿਆ।
ਲਿੰਗ-ਗਿੱਧੇ ਵਿੱਚ ਨੱਚਦੀ ਮੁਟਿਆਰ ਨੂੰ ਵੇਕ ਕੇ ਬੁੱਢੀਆਂ ਤੇ ਕੁੜੀਆਂ ਵੀ ਨੱਚਣ ਲੱਗ ਪਈਆਂ।

4.ਮੇਰਾ ਹਰਮਨ ਪਿਆਰਾ ਲੇਖਕ ਬਾਲ ਲੇਖਕ ਹੈ।
ਵਚਨ-ਸਾਡੇ ਹਰਮਨ ਪਿਆਰੇ ਲੇਖਕ ਬਾਲ ਲੇਖਕ ਹਨ।
ਲਿੰਗ-ਮੇਰੀ ਹਰਮਨ ਪਿਆਰੀ ਲੇਖਕਾ ਬਾਲ ਲੇਖਕਾ ਹੈ।

5.ਮੇਲੇ ਵਿੱਚ ਮੁਟਿਆਰਾਂ ਗਿੱਧਾ ਪਾ ਰਹੀਆਂ ਸਨ।
ਵਚਨ-ਮੇਲੇ ਵਿੱਚ ਮੁਟਿਆਰ ਗਿੱਧਾ ਪਾ ਰਹੀ ਸੀ।
ਲਿੰਗ-ਮੇਲੇ ਵਿੱਚ ਗੱਭਰੂ ਭੰਗੜਾ ਪਾ ਰਹੇ ਸਨ।

6.ਮਦਾਰੀ ਬਾਂਦਰ ਨੂੰ ਨਚਾ ਰਿਹਾ ਸੀ।
ਵਚਨ-ਮਦਾਰੀ ਬਾਂਦਰਾਂ ਨੂੰ ਨਚਾ ਰਹੇ ਸਨ।
ਲਿੰਗ-ਮਦਾਰਨ ਬਾਂਦਰੀ ਨੂੰ ਨਚਾ ਰਹੀ ਸੀ।

7.ਪਤਲੇ ਸਰੀਰ ਵਾਲੇ ਆਦਮੀ ਲੰਮੇਰੀ ਉਮਰਾਂ ਭੋਗਦੇ ਹਨ।
ਵਚਨ- ਪਤਲੇ ਸਰੀਰ ਵਾਲਾ ਆਦਮੀ ਲੰਮੇਰੀ ਉਮਰ ਭੋਗਦਾ ਹੈ।
ਲਿੰਗ-ਪਤਲੇ ਸਰੀਰ ਵਾਲੀਆਂ ਔਰਤਾਂ ਲੰਮੇਰੀ ਉਮਰਾਂ ਭੋਗਦੀਆਂ ਹਨ।

8.ਚੰਗੀਆਂ ਵਿਦਿਆਰਥਣਾਂ ਲਗਨ ਨਾਲ ਪੜ੍ਹਦੀਆਂ ਹਨ।
ਵਚਨ-ਚੰਗੀ ਵਿਦਿਆਰਥਣ ਲਗਨ ਨਾਲ ਪੜ੍ਹਦੀ ਹੈ।
ਲਿੰਗ-ਚੰਗੇ ਵਿਦਿਆਰਥੀ ਲਗਨ ਨਾਲ ਪੜ੍ਹਦੇ ਹਨ।

9.ਕਾਲੀ ਘੋੜੀ ਦੌੜਦੀ ਹੈ।
ਵਚਨ-ਕਾਲੀਆਂ ਘੋੜੀਆਂ ਦੌੜਦੀਆਂ ਹਨ।
ਲਿੰਗ-ਕਾਲਾ ਘੋੜਾ ਦੌੜਦਾ ਹੈ।

10.ਛੋਟੀਆਂ ਕੁੜੀਆਂ ਖੇਡਦੀਆਂ ਹਨ।
ਵਚਨ-ਛੋਟੀ ਕੁੜੀ ਖੇਡਦੀ ਹੈ।
ਲਿੰਗ-ਛੋਟੇ ਮੁੰਡੇ ਖੇਡਦੇ ਹਨ।

11. ਆਪਣੀ ਭਾਵੇਂ ਮੱਝ ਹੇਠ ਆ ਜਾਏ,ਪਰ ਸ਼ਰੀਕ ਦੀ ਕੰਧ ਢਹਿ ਜਾਏ।
ਵਚਨ-ਆਪਣੀਆਂ ਭਾਵੇਂ ਮੱਝਾਂ ਹੇਠਾਂ ਆ ਜਾਣ,ਪਰ ਸ਼ਰੀਕਾਂ ਦੀਆਂ ਕੰਧਾਂ ਢਹਿ ਜਾਣ।
ਲਿੰਗ-ਆਪਣਾ ਭਾਵੇਂ ਝੋਟਾ ਹੇਠ ਆ ਜਾਏ,ਪਰ ਸ਼ਰੀਕਣ ਦੀ ਕੰਧ ਢਹਿ ਜਾਏ।

12.ਜੰਗਲ ਵਿੱਚ ਹਾਥੀ,ਸ਼ੇਰ,ਹਿਰਨ ਅਤੇ ਬਘਿਆੜ ਹੁੰਦੇ ਹਨ।
ਵਚਨ- ਜੰਗਲਾਂ ਵਿੱਚ ਹਾਥੀ,ਸ਼ੇਰ,ਹਿਰਨ ਅਤੇ ਬਘਿਆੜ ਹੁੰਦਾ ਹੈ।
ਲਿੰਗ-ਜੰਗਲ ਵਿੱਚ ਹਥਨੀਆਂ,ਸ਼ੇਰਨੀਆਂ,ਹਿਰਨੀਆਂ ਅਤੇ ਬਘਿਆੜਨਾਂ ਹੁੰਦੀਆਂ ਹਨ।

13.ਖੇਤਾਂ ਵਿੱਚ ਗਾਂ,ਬੱਕਰੀ,ਭੇਡ ਅਤੇ ਮੱਝ ਚਰ ਰਹੀ ਹੈ।
ਵਚਨ-ਖੇਤ ਵਿੱਚ ਗਾਂਵਾਂ,ਬੱਕਰੀਆਂ,ਭੇਡਾਂ ਅਤੇ ਮੱਝਾਂ ਚਰ ਰਹੀਆਂ ਹਨ।
ਲਿੰਗ-ਖੇਤਾਂ ਵਿੱਚ ਬਲਦ,ਬੱਕਰਾ,ਭੇਡੂ ਅਤੇ ਝੋਟਾ ਚਰ ਰਿਹਾ ਹੈ

14.ਕੁੱਤਾ ਬਿੱਲੀ ਦੇ ਮਗਰ ਤੇ ਬਿੱਲੀ ਚੂਹੇ ਦੇ ਮਗਰ ਦੌੜ ਰਹੀ ਸੀ।
ਵਚਨ-ਕੁੱਤੇ ਬਿੱਲੀਆਂ ਦੇ ਮਗਰ ਤੇ ਬਿੱਲੀਆਂ ਚੂਹਿਆਂ ਦੇ ਮਗਰ ਦੌੜ ਰਹੀਆਂ ਸਨ।
ਲਿੰਗ-ਕੁੱਤੀ ਬਿੱਲੇ ਦੇ ਮਗਰ ਤੇ ਬਿੱਲਾ ਚੂਹੀ ਦੇ ਮਗਰ ਦੌੜ ਰਿਹਾ ਸੀ।

15.ਲੇਖਾ ਮਾਵਾਂ ਧੀਆਂ ਦਾ ।
ਵਚਨ-ਲੇਖੇ ਮਾਂ ਧੀ ਦੇ
ਲਿੰਗ-ਲੇਖਾ ਪਿਓ ਪੁੱਤਰਾਂ ਦਾ ।

16.ਰਾਜਾ ਆਪਣੇ ਮਿੱਤਰਾਂ ਤੇ ਗੋਲਿਆਂ ਨਾਲ ਜਾ ਰਿਹਾ ਸੀ।
ਵਚਨ-ਰਾਜੇ ਆਪਣੇ ਮਿੱਤਰ ਤੇ ਗੋਲੇ ਨਾਲ ਜਾ ਰਹੇ ਸਨ।
ਲਿੰਗ-ਰਾਣੀ ਆਪਣੀਆਂ ਸਹੇਲੀਆਂ ਤੇ ਦਾਸੀਆਂ ਨਾਲ ਜਾ ਰਹੀ ਸੀ।

17.ਮੇਰੀ ਦਿਓਰਾਣੀ ਅੱਜ ਸ਼ਹਿਰ ਗਈ ਹੈ।
ਵਚਨ-ਮੇਰੀਆਂ ਦਿਓਰਾਣੀਆਂ ਅੱਜ ਸ਼ਹਿਰ ਗਈਆਂ ਹਨ।
ਲਿੰਗ-ਮੇਰਾ ਦਿਓਰ ਅੱਜ ਸ਼ਹਿਰ ਗਿਆ ਹੈ।

18.ਵਕੀਲ,ਡਾਕਟਰ ਤੇ ਮਾਸਟਰ ਸਲਾਹਾਂ ਕਰ ਰਹੇ ਹਨ।
ਵਚਨ-ਵਕੀਲ,ਡਾਕਟਰ ਤੇ ਮਾਸਟਰ ਸਲਾਹ ਕਰ ਰਹੇ ਹਨ।
ਲਿੰਗ-ਵਕੀਲਣੀਆਂ,ਡਾਕਟਰਾਣੀਆਂ ਤੇ ਮਾਸਟਰਾਣੀਆਂ ਸਲਾਹਾਂ ਕਰ ਰਹੀਆਂ ਹਨ।

19.ਖੇਤ ਵਿੱਚ ਗੁਆਲਾ ਗਊਆਂ ਚਰਾ ਰਿਹਾ ਹੈ।
ਵਚਨ-ਖੇਤਾਂ ਵਿੱਚ ਗੁਆਲੇ ਗਊ ਚਰਾ ਰਹੇ ਹਨ।
ਲਿੰਗ-ਖੇਤ ਵਿੱਚ ਗੁਆਲਣ ਬਲਦ ਚਰਾ ਰਹੀ ਹੈ।

20. ਰਾਜੇ ਕੋਲ ਦੋ ਨੌਕਰ,ਚਾਰ ਹਾਥੀ,ਤਿੰਨ ਘੋੜੇ ਤੇ ਇੱਕ ਕੁੱਤਾ ਹੈ ।
ਵਚਨ-ਰਾਜਿਆਂ ਕੋਲ ਇੱਕ ਨੌਕਰ,ਇੱਕ ਹਾਥੀ,ਇੱਕ ਘੋੜਾ ਤੇ ਦੋ ਕੁੱਤੇ ਸਨ।
ਲਿੰਗ-ਰਾਣੀ ਕੋਲ ਦੋ ਨੌਕਰਾਣੀਆਂ,ਚਾਰ ਹਥਣੀਆਂ,ਤਿੰਨ ਘੋੜੀਆਂ ਤੇ ਦੋ ਕੁੱਤੀਆਂ ਸਨ।

21. ਕੁੜੀ ਕਵਿਤਾ ਪੜ੍ਹ ਰਹੀ ਹੈ।
ਵਚਨ-ਕੁੜੀਆਂ ਕਵਿਤਾਵਾਂ ਪੜ੍ਹ ਰਹੀਆਂ ਹਨ।
ਲਿੰਗ-ਮੁੰਡਾ ਕਵਿਤਾ ਪੜ੍ਹ ਰਿਹਾ ਹੈ।

22. ਮਦਾਰੀ ਨੇ ਮੁਰਲੀ ਵਜਾਈ।
ਵਚਨ-ਮਦਾਰੀਆਂ ਨੇ ਮੁਰਲੀਆਂ ਵਜਾਈਆਂ।
ਲਿੰਗ-ਮਦਾਰਨ ਨੇ ਮੁਰਲੀ ਵਜਾਈ।

23. ਚਿੜੀਆਂ ਚੀਂ ਚੀਂ ਕਰਦੀਆਂ ਹਨ।
ਵਚਨ-ਚਿੜੀ ਚੀਂ ਚੀਂ ਕਰਦੀ ਹੈ।
ਲਿੰਗ-ਚਿੜਾ ਚੀਂ ਚੀਂ ਕਰਦਾ ਹੈ।

24. ਬੱਦਲ ਵਰ੍ਹ ਕੇ ਚਲਾ ਗਿਆ।
ਵਚਨ-ਬੱਦਲ ਵਰ੍ਹ ਕੇ ਚਲੇ ਗਏ।
ਲਿੰਗ-ਬੱਦਲੀ ਵਰ੍ਹ ਕੇ ਚਲੀ ਗਈ।

25. ਨੂੰਹ ਨੇ ਸੱਸ ਕੁੱਟੀ,ਧੀ ਨੇ ਪੜ੍ਹੀਸ ਲੁੱਟੀ।
ਵਚਨ-ਨੂੰਹਾਂ ਨੇ ਸੱਸਾਂ ਕੁੱਟੀਆਂ,ਧੀਆਂ ਨੇ ਪੜ੍ਹੀਸਾਂ ਲੁੱਟੀਆਂ।
ਲਿੰਗ-ਪੁੱਤਰ ਨੇ ਸਹੁਰਾ ਕੁੱਟਿਆ,ਜਵਾਈ ਨੇ ਪਤਿਅਹੁਰਾ ਲੁੱਟਿਆ ।

26.ਰਾਣੀ ਪ੍ਰੋਹਿਤ ਨੂੰ ਭੋਜਨ ਛਕਾ ਰਹੀ ਸੀ ਤੇ ਸੇਵਕ ਪੱਖਾ ਝੱਲ ਰਿਹਾ ਸੀ।
ਵਚਨ-ਰਾਣੀਆਂ ਪ੍ਰੋਹਿਤਾਂ ਨੂੰ ਭੋਜਨ ਛਕਾ ਰਹੀਆਂ ਸਨ ਤੇ ਸੇਵਕ ਪੱਖੇ ਝੱਲ ਰਹੇ ਸਨ।
ਲਿੰਗ-ਰਾਜਾ ਪ੍ਰੋਹਤਾਣੀ ਨੂੰ ਭੋਜਨ ਛਕਾ ਰਿਹਾ ਸੀ ਤੇ ਸੇਵਕਾ ਪੱਖਾ ਝੱਲ ਰਹੀ ਸੀ।